## ਆਪਣੀ ਸਿਹਤ ਬਚਾਉ

## ਆਪਣੀ ਜ਼ਮੀਰ ਨੂੰ ਸੁਣੋ

## ਕਾਨੂੰਨ ਨਾ ਤੋੜੋ

### ਇਸਤੰਬੋਲ ਦਾ ਐਲਾਨਨਾਮਾ

ਅੰਗਾਂ ਦੇ ਵਪਾਰ ਅਤੇ ਅੰਗ ਬਦਲੀ ਦੇ ਟੂਰਿਜ਼ਮ ਦੀ ਰੋਕਥਾਮ ਕਰਨ ਖਾਤਰ ਜੁਗਤਾਂ ਬਣਾਉਣ ਲਈ ਸੰਨ 2008 ਵਿਚ ਦੁਨੀਆਂ ਭਰ ਤੋਂ ਮੋਹਰੀ ਡਾਕਟਰੀ ਮਾਹਰਾਂ ਦਾ ਇਕ ਗਰੁੱਪ ਇਸਤੰਬੋਲ, ਟਰਕੀ ਵਿਚ ਇਕੱਠਾ ਹੋਇਆ ਸੀ।

ਗਰੁੱਪ ਅੰਗ ਬਦਲੀ ਦੀ ਲੋੜ ਵਾਲੇ ਬਹੁਤ ਸਾਰੇ ਮਰੀਜ਼ਾਂ ਵਲੋਂ ਮਹਿਸੂਸ ਕੀਤੀ ਜਾਂਦੀ ਨਿਰਾਸ਼ਤਾ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਸ ਨੇ ਦੁਨੀਆਂ ਭਰ ਵਿਚ ਮ੍ਰਿਤਕ ਅਤੇ ਜਿਊਂਦੇ ਦਾਨੀਆਂ ਦੇ ਅੰਗਾਂ ਨੂੰ ਅਜਿਹੇ ਤਰੀਕੇ ਨਾਲ ਵਰਤਣ ਨੂੰ ਉਤਸ਼ਾਹ ਦੇਣ ਲਈ ਕਈ ਸਿਧਾਂਤ ਅਤੇ ਤਜਵੀਜ਼ਾਂ ਅੱਗੇ ਲਿਆਂਦੀਆਂ ਜਿਸ ਨਾਲ ਅੰਗ ਲੈਣ ਅਤੇ ਦਾਨ ਕਰਨ ਵਾਲਿਆਂ ਦੀ ਸਿਹਤ ਅਤੇ ਭਲਾਈ ਦੀ ਰਖਵਾਲੀ ਕਰਦਿਆਂ ਦੁਰਉਪਯੋਗ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਨੇ **ਇਸਤੰਬੋਲ ਦਾ ਐਲਾਨਨਾਮਾ** (ਡੈਕਲਾਰੇਸ਼ਨ ਆਫ ਇਸਤੰਬੋਲ) ਨਾਮੀ ਨੀਤੀਆਂ ਦਾ ਇਕ ਦਸਤਾਵੇਜ਼ (ਪਾਲਸੀ ਡਾਕੂਮੈਂਟ) ਤਿਆਰ ਕੀਤਾ।

2010 ਵਿਚ, ਐਲਾਨਨਾਮੇ ਦੇ ਸਿਧਾਂਤਾਂ ਦਾ ਦੁਨੀਆਂ ਭਰ ਵਿਚ ਪ੍ਰਚਾਰ ਕਰਨ ਲਈ **ਡੈਕਲਾਰੇਸ਼ਨ ਆਫ ਇਸਤੰਬੋਲ ਕਸਟੋਡੀਅਨ ਗਰੁੱਪ** (ਡੀ ਆਈ ਸੀ ਜੀ) ਬਣਾਇਆ ਗਿਆ। ਡੀ ਆਈ ਸੀ ਜੀ ਨੂੰ ਦੋ ਵੱਡੀਆਂ ਅੰਤਰਰਾਸ਼ਟਰੀ ਪੇਸ਼ਾਵਰ ਸੰਸਥਾਵਾਂ, **ਟ੍ਰਾਂਸਪਲਾਂਟੇਸ਼ਨ ਸੁਸਾਇਟੀ (ਟੀ ਟੀ ਐੱਸ)** ਅਤੇ **ਇੰਟਰਨੈਸ਼ਨਲ ਸੁਸਾਇਟੀ ਆਫ ਨਿਫਰੋਲੋਜੀ (ਆਈ ਐੱਸ ਐੱਨ)** ਨੇ ਸਪੌਂਸਰ ਕੀਤਾ ਹੈ। 80 ਤੋਂ ਵੀ ਜ਼ਿਆਦਾ ਅੰਤਰਰਾਸ਼ਟਰੀ ਪੇਸ਼ਾਵਰ ਸੁਸਾਇਟੀਆਂ ਅਤੇ ਸਰਕਾਰੀ ਏਜੰਸੀਆਂ ਨੇ ਇਸਤੰਬੋਲ ਦੇ ਐਲਾਨਨਾਮੇ ਦਾ ਸਮਰਥਨ ਕੀਤਾ ਹੈ।

The DECLARATION of ISTANBUL on ORGAN TRAFFICKING and TRANSPLANT TOURISM

**ਜ਼ਿਆਦਾ ਜਾਣਕਾਰੀ ਲਈ:**

DECLARATION OF ISTANBUL
CUSTODIAN GROUP

www.declarationofistanbul.org

[Punjabi]




# ਤੁਹਾਨੂੰ ਕੀ ਜਾਣਨ ਦੀ ਲੋੜ ਹੈ

## ਜਾਣ-ਪਛਾਣ

ਅਖੀਰਲੀ ਸਟੇਜ ਦੀ ਗੁਰਦਿਆਂ ਦੀ ਬੀਮਾਰੀ ਵਾਲੇ ਬਹੁਤੇ ਮਰੀਜ਼ਾਂ ਲਈ ਅੰਗ ਬਦਲੀ ਚੋਣਵਾਂ ਇਲਾਜ ਹੈ। ਅੰਗ ਬਦਲੀ (ਟ੍ਰਾਂਸਪਲਾਂਟੇਸ਼ਨ) ਇਕ ਗੁੰਝਲਦਾਰ ਅਪਰੇਸ਼ਨ ਹੈ ਜਿਸ ਲਈ ਵਿਕਸਤ ਹਸਪਤਾਲ ਦੇ ਮਾਹੌਲ ਵਿਚ ਸਰਜਨਾਂ ਅਤੇ ਨਿਫਰੋਲੋਜਿਸਟਾਂ ਦੀ ਤਜਰਬੇਕਾਰ ਟੀਮ ਦੀ ਲੋੜ ਹੁੰਦੀ ਹੈ। ਗੁਰਦੇ **ਮ੍ਰਿਤਕ ਦਾਨੀ** ਜਾਂ **ਜੀਵਤ ਦਾਨੀ** ਤੋਂ ਲਏ ਜਾ ਸਕਦੇ ਹਨ।

ਮ੍ਰਿਤਕ ਦਾਨੀ ਦੇ ਗੁਰਦੇ ਦੀ ਉਪਲਬਧਤਾ ਅਤੇ ਇਸ ਦਾ ਤੁਹਾਨੂੰ ਮਿਲਣਾ ਉਨ੍ਹਾਂ ਅਮਲਾਂ 'ਤੇ ਨਿਰਭਰ ਕਰੇਗਾ ਜਿਹੜੇ ਤੁਹਾਡੀ ਰਿਹਾਇਸ਼ ਵਾਲੇ ਦੇਸ਼ ਮੁਤਾਬਕ ਹੋਣਗੇ ਅਤੇ ਇਨ੍ਹਾਂ ਬਾਰੇ ਇੱਥੇ ਹੋਰ ਵਿਚਾਰ ਨਹੀਂ ਕੀਤੀ ਗਈ।

ਗੁਰਦਾ ਦਾਨ ਕਰਨ ਵਾਲਾ ਜੀਵਤ ਦਾਨੀ ਆਮ ਤੌਰ 'ਤੇ ਨੇੜਲਾ ਖੂਨ ਦਾ ਰਿਸ਼ਤੇਦਾਰ ਹੁੰਦਾ ਹੈ। ਕੁਝ ਦੇਸ਼ਾਂ ਵਿਚ ਕਾਨੂੰਨੀ ਜਾਂ ਜਜ਼ਬਾਤੀ ਰਿਸ਼ਤੇਦਾਰ (ਜਿਵੇਂ ਪਤਨੀ ਜਾਂ ਪਤੀ, ਪਾਰਟਨਰ ਜਾਂ ਦੋਸਤ) ਨੂੰ ਵੀ ਦਾਨੀ ਦੇ ਤੌਰ 'ਤੇ ਮਨਜ਼ੂਰ ਕੀਤਾ ਜਾ ਸਕਦਾ ਹੈ। ਇਨ੍ਹਾਂ ਸਾਰੇ ਕੇਸਾਂ ਵਿਚ ਦਾਨ ਦੇਣ ਦਾ ਕਾਰਜ ਆਪਣੀ ਮਰਜ਼ੀ ਨਾਲ ਪਿਆਰ, ਭਰੋਸੇ ਅਤੇ ਆਪਸੀ ਫਿਕਰ ਦੇ ਪ੍ਰਗਟਾਵੇ ਵਜੋਂ ਕੀਤਾ ਜਾਂਦਾ ਹੈ। ਦਾਨੀ ਅਤੇ ਪ੍ਰਾਪਤ ਕਰਨ ਵਾਲਾ ਇਹ ਖਿਆਲ ਰੱਖਦੇ ਹਨ ਕਿ ਦੂਜੇ ਦੀ ਸਿਹਤ ਸੁਰੱਖਿਅਤ ਰਹੇ ਅਤੇ ਕਾਮਯਾਬ ਨਤੀਜਾ ਨਿਕਲੇ। ਇਸ ਤਰ੍ਹਾਂ ਦੀਆਂ ਅੰਗ ਬਦਲੀਆਂ ਖੁਲ੍ਹੇ ਰੂਪ ਵਿਚ ਅਤੇ ਕਾਨੂੰਨੀ ਤੌਰ 'ਤੇ ਕੀਤੀਆਂ ਜਾਂਦੀਆਂ ਹਨ ਅਤੇ ਡਾਕਟਰੀ, ਮਨੋਵਿਗਿਆਨਕ ਅਤੇ ਸਮਾਜਿਕ ਪੱਖ ਤੋਂ ਨਤੀਜਾ ਆਮ ਤੌਰ 'ਤੇ ਪ੍ਰਾਪਤ ਕਰਨ ਵਾਲੇ ਅਤੇ ਦਾਨੀ ਦੋਨਾਂ ਲਈ ਵਧੀਆ ਨਿਕਲਦਾ ਹੈ।

ਪਰ ਜੀਵਤ ਦਾਨੀਆਂ ਦੇ ਗੁਰਦੇ ਦਾ ਇਕ ਹੋਰ ਸ੍ਰੋਤ ਵੀ ਹੈ। ਕੁਝ ਲੋਕ, ਬਹੁਤ ਜ਼ਿਆਦਾ ਗਰੀਬੀ ਦੇ ਬੋਝ ਕਾਰਨ, ਆਪਣਾ ਇਕ ਗੁਰਦਾ ਵੇਚਣ ਦੇ ਖਾਹਸ਼ਮੰਦ ਹੋ ਸਕਦੇ ਹਨ। ਗੁਰਦਿਆਂ ਦੀ ਖਰੀਦ ਅਤੇ ਵੇਚ ਨੂੰ "ਟ੍ਰਾਂਸਪਲਾਂਟ ਕਮਰਸ਼ੀਲਿਜ਼ਮ" ਆਖਿਆ ਜਾਂਦਾ ਹੈ ਅਤੇ ਇਹ ਦੁਨੀਆਂ ਦੇ ਤਕਰੀਬਨ ਸਾਰੇ ਦੇਸ਼ਾਂ ਵਿਚ ਗੈਰਕਾਨੂੰਨੀ ਹੈ। ਫਾਂਸੀ 'ਤੇ ਚਾੜ੍ਹੇ ਗਏ ਵਿਅਕਤੀਆਂ ਦੇ ਗੁਰਦੇ ਵੀ ਕਦੇ ਕਦੇ ਵੇਚ ਦਿੱਤੇ ਜਾਂਦੇ ਹਨ।

ਇਹ ਬਰੋਸ਼ਰ ਤੁਹਾਡੇ ਵਲੋਂ ਗੁਰਦਾ ਖਰੀਦਣ ਦੀਆਂ ਕੁਝ ਉਲਝਣਾਂ ਬਾਰੇ ਵਿਚਾਰ ਕਰਦਾ ਹੈ ਅਤੇ ਇਸ ਦਾ ਮੰਤਵ ਨਿਰਾਸ਼ਤਾ ਦੀ ਹਾਲਤ ਵਿੱਚ ਵੀ ਇਹ ਕਦਮ ਚੁੱਕਣ ਤੋਂ ਤੁਹਾਨੂੰ ਨਿਰਉਤਸ਼ਾਹਤ ਕਰਨਾ ਹੈ।

## ਟ੍ਰਾਂਸਪਲਾਂਟ ਕਮਰਸ਼ੀਲਿਜ਼ਮ ਅਤੇ ਟੂਰਿਜ਼ਮ ਅਸਲ ਵਿਚ ਕੀ ਹੈ?

ਟ੍ਰਾਂਸਪਲਾਂਟ ਕਮਰਸ਼ੀਲਿਜ਼ਮ ਵਿਚ, ਗੁਰਦਾ ਲੈਣ ਵਾਲੇ ਅਤੇ ਦਾਨੀ ਵਿਚਕਾਰ ਪੈਸੇ ਜਾਂ ਕਿਸੇ ਹੋਰ ਤਰ੍ਹਾਂ ਦੇ ਮਹੱਤਵਪੂਰਨ ਲਾਭ ਦਾ ਤਬਾਦਲਾ ਹੁੰਦਾ ਹੈ, ਅਜਿਹਾ ਸਿੱਧੇ ਤੌਰ 'ਤੇ ਜਾਂ ਅਕਸਰ, ਕਿਸੇ ਵਿਚੋਲੇ ਜਾਂ ਬਰੋਕਰ ਰਾਹੀਂ ਕੀਤਾ ਜਾਂਦਾ ਹੈ ਜਿਸ ਨੂੰ "ਸੇਵਾਵਾਂ" ਲਈ ਫੀਸ ਮਿਲਦੀ ਹੈ। ਦਾਨੀ (ਜੋ ਕਿ ਅਸਲ ਵਿਚ "ਗੁਰਦਾ ਵੇਚਣ ਵਾਲਾ" ਹੁੰਦਾ ਹੈ) ਨੂੰ ਵੀ ਪੈਸੇ ਮਿਲਦੇ ਹਨ, ਆਮ ਤੌਰ 'ਤੇ ਬਰੋਕਰ ਨੂੰ ਮਿਲਣ ਵਾਲੇ ਪੈਸਿਆਂ ਨਾਲੋਂ ਕਿਤੇ ਘੱਟ। ਨਤੀਜੇ ਵਜੋਂ ਗੁਰਦਾ ਲੈਣ ਵਾਲੇ ਵਿਅਕਤੀ ਵਲੋਂ ਖਰਚੇ ਗਏ ਪੈਸੇ ਕਾਨੂੰਨੀ ਤੌਰ 'ਤੇ ਗੁਰਦੇ ਦੀ ਬਦਲੀ ਲਈ ਦਿੱਤੇ ਗਏ ਪੈਸਿਆਂ ਨਾਲੋਂ ਜ਼ਿਆਦਾ ਹੁੰਦੇ ਹਨ। ਬਹੁਤੀਆਂ ਮੈਡੀਕਲ ਇਨਸ਼ੋਰੈਂਸਾਂ ਕਮਰਸ਼ੀਅਲ ਟ੍ਰਾਂਸਪਲਾਂਟੇਸ਼ਨ ਨੂੰ ਕਵਰ ਨਹੀਂ ਕਰਦੀਆਂ।

ਗੁਰਦਾ ਬਦਲਾਉਣ ਲਈ ਆਪਣੀ ਰਿਹਾਇਸ਼ ਵਾਲੇ ਦੇਸ਼ ਨੂੰ ਛੱਡ ਕੇ ਜਾਣ ਨੂੰ ਆਮ ਤੌਰ 'ਤੇ "**ਟ੍ਰਾਂਸਪਲਾਂਟ ਟੂਰਿਜ਼ਮ**" ਆਖਿਆ ਜਾਂਦਾ ਹੈ। ਗੁਰਦੇ ਬਦਲਣ ਵਾਲੇ ਬਹੁਤੇ ਪੇਸ਼ਾਵਰ ਲੋਕ ਇਸ ਅਮਲ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਉਹ ਇਸ ਚੀਜ਼ ਬਾਰੇ ਵੀ ਫਿਕਰਮੰਦ ਹੁੰਦੇ ਹਨ ਕਿ ਤੁਹਾਡੀ ਜਿਹੜੀ ਸੰਭਾਲ ਹੋਵੇਗੀ ਉਹ ਤੁਹਾਡੇ ਆਪਣੇ ਦੇਸ਼ ਵਿਚਲੀ ਸੰਭਾਲ ਨਾਲੋਂ ਘਟੀਆ ਹੋਵੇਗੀ।

## ਟ੍ਰਾਂਸਪਲਾਂਟ ਕਮਰਸ਼ੀਲਿਜ਼ਮ ਗੈਰਕਾਨੂੰਨੀ ਕਿਉਂ ਹੈ?

- ਬਹੁਤ ਸਾਰੇ ਦੇਸ਼ਾਂ ਨੇ ਕਾਨੂੰਨ ਬਣਾਏ ਹੋਏ ਹਨ ਜਿਹੜੇ ਖਾਸ ਤੌਰ 'ਤੇ ਟ੍ਰਾਂਸਪਲਾਂਟ ਕਮਰਸ਼ੀਲਿਜ਼ਮ ਉੱਪਰ ਪਾਬੰਦੀ ਲਾਉਂਦੇ ਹਨ।
- ਜਿੱਥੇ ਤੁਸੀਂ ਰਹਿੰਦੇ ਹੋ ਉਸ ਦੇਸ਼ ਵਿਚ ਵੀ ਇਸ ਦੇ ਗੈਰਕਾਨੂੰਨੀ ਹੋਣ ਦੀ ਸੰਭਾਵਨਾ ਹੈ।
- ਟ੍ਰਾਂਸਪਲਾਂਟ ਕਮਰਸ਼ੀਲਿਜ਼ਮ ਦਾ ਨਤੀਜਾ ਚੰਗਿਆਈ ਨਾਲੋਂ ਨੁਕਸਾਨ ਵਿਚ ਜ਼ਿਆਦਾ ਨਿਕਲਦਾ ਹੈ।
- ਇਹ ਦਾਨੀਆਂ ਅਤੇ ਗੁਰਦਾ ਲੈਣ ਵਾਲਿਆਂ ਨੂੰ ਬੇਲੋੜੇ ਖਤਰੇ ਵਿਚ ਪਾਉਂਦਾ ਹੈ ਅਤੇ ਗੁਰਦਾ ਲੈਣ ਵਾਲੇ ਦੇ ਆਪਣੇ ਦੇਸ਼ ਅਤੇ ਗੁਰਦਾ ਖਰੀਦਣ ਲਈ ਜਾਣ ਵਾਲੇ ਦੇਸ਼ ਵਿਚ ਅੰਗਾਂ ਦੇ ਦਾਨ ਦੇ ਸਿਹਤਮੰਦ ਵਿਕਾਸ ਨੂੰ ਨੁਕਸਾਨ ਪਹੁੰਚਾਉਂਦਾ ਹੈ।

## ਪੈਸੇ ਲੈ ਕੇ ਗੁਰਦਾ ਦਾਨ ਕਰਨ ਵਾਲੇ ਤੋਂ ਗੁਰਦਾ ਲੈਣ ਵਾਲੇ ਨੂੰ ਹੋਰ ਕਿਹੜੇ ਖਤਰੇ ਹਨ?

ਇਸ ਦੇ ਆਮ ਤੌਰ ’ਤੇ ਗੈਰਕਾਨੂੰਨੀ ਹੋਣ ਕਰਕੇ, ਗੁਰਦੇ ਵੇਚਣ ਵਾਲਿਆਂ ਵਲੋਂ ਦਿੱਤੇ ਗਏ ਗੁਰਦਿਆਂ ਦੇ ਟ੍ਰਾਂਸਪਲਾਂਟ ਅਕਸਰ ਉਨ੍ਹਾਂ ਹਸਪਤਾਲਾਂ ਜਾਂ ਕਲੀਨਿਕਾਂ ਵਿਚ ਕੀਤੇ ਜਾਂਦੇ ਹਨ ਜਿਹੜੇ ਟ੍ਰਾਂਸਪਲਾਂਟ ਕਰਨ ਲਈ ਲਾਇਸੰਸਸ਼ੁਦਾ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਅਧਿਕਾਰਤ ਮੈਡੀਕਲ ਬੋਰਡਾਂ ਵਲੋਂ ਮਾਨਤਾ ਨਹੀਂ ਮਿਲੀ ਹੁੰਦੀ। ਹੋ ਸਕਦਾ ਹੈ ਕਿ ਹਸਪਤਾਲ ਆਪਣੇ ਦੇਸ਼ ਦੇ ਸਰਜਰੀਆਂ ਅਤੇ ਮੈਡੀਕਲ ਦੇ ਉਮੀਦ ਕੀਤੇ ਜਾਂਦੇ ਮਿਆਰ ਪੂਰੇ ਨਾ ਕਰਦੇ ਹੋਣ। ਨਤੀਜੇ ਵਜੋਂ ਅਪਰੇਸ਼ਨ ਦੌਰਾਨ ਅਤੇ ਅਪਰੇਸ਼ਨ ਤੋਂ ਬਾਅਦ ਵੱਖ ਵੱਖ ਗੁੰਝਲਾਂ ਪੈਣ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਗੁਰਦੇ ਖਰੀਦਣ ਵਾਲਿਆਂ ਵਲੋਂ ਮਿਲੀਆਂ ਅਨੇਕਾਂ ਰਿਪੋਰਟਾਂ ਇਨਫੈਕਸ਼ਨ ਅਤੇ ਮੌਤਾਂ ਦੀ ਬਹੁਤ ਵੱਡੀ ਦਰ ਦਿਖਾਉਂਦੀਆਂ ਹਨ। ਦਾਨੀ ਨੂੰ ਸਹੀ ਤਰ੍ਹਾਂ ਚੈੱਕ ਨਾ ਕੀਤਾ ਗਿਆ ਹੋ ਸਕਦਾ ਹੈ, ਜਾਂ ਹੋ ਸਕਦਾ ਹੈ ਕਿ ਉਸ ਨੇ ਆਪਣੀ ਸਿਹਤ ਬਾਰੇ ਮਹੱਤਵਪੂਰਨ ਨਿੱਜੀ ਜਾਣਕਾਰੀ ਨਾ ਦਿੱਤੀ ਹੋਵੇ ਜਾਂ ਉਹ ਇਸ ਤੋਂ ਜਾਣੂ ਨਾ ਹੋਵੇ। ਅਪਰੇਸ਼ਨ ਕਰਨ ਵਾਲੇ ਕਮਰੇ ਜਾਂ ਹਸਪਤਾਲ ਵਿਚ ਸਫਾਈ ਦਾ ਪੱਧਰ ਘਟੀਆ ਪੱਧਰ ਦਾ ਹੋ ਸਕਦਾ ਹੈ। ਐਂਟੀ-ਰੀਜ਼ੈਕਸ਼ਨ ਦਵਾਈਆਂ ਕਿਉਂਕਿ ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲੇ ਸਰੀਰ ਦੇ ਸਿਸਟਮ (ਇਮਿਊਨ ਸਿਸਟਮ) ਨੂੰ ਕਮਜ਼ੋਰ ਕਰਦੀਆਂ ਹਨ, ਟ੍ਰਾਂਸਪਲਾਂਟ ਕਰਵਾਉਣ ਵਾਲਿਆਂ ਦਾ ਇਨਫੈਕਸ਼ਨਾਂ ਗ੍ਰਹਿਣ ਕਰਨ ਦਾ ਖਤਰਾ ਜ਼ਿਆਦਾ ਹੁੰਦਾ ਹੈ ਜਿਹੜੀਆਂ ਕਿ ਉਹ ਆਪਣੀ ਰਿਹਾਇਸ਼ ਵਾਲੇ ਦੇਸ਼ ਨੂੰ ਨਾਲ ਲਿਆ ਸਕਦੇ ਹਨ ਅਤੇ ਆਪਣੇ ਪਰਿਵਾਰ ਅਤੇ ਹੋਰਨਾਂ ਨੂੰ ਖਤਰੇ ਵਿਚ ਪਾ ਸਕਦੇ ਹਨ। ਅਜਿਹੀਆਂ ਇਨਫੈਕਸ਼ਨਾਂ ਮੌਜੂਦ ਐਂਟੀਬਾਇਓਟਿਕਸ ਅਤੇ ਹੋਰ ਇਲਾਜਾਂ ਨਾਲ ਠੀਕ ਨਾ ਹੋਣ ਵਾਲੀਆਂ ਹੋ ਸਕਦੀਆਂ ਹਨ ਅਤੇ ਇਹ ਮਾਰੂ ਵੀ ਹੋ ਸਕਦੀਆਂ ਹਨ। ਅਪਰੇਸ਼ਨ ਤੋਂ ਛੇਤੀ ਬਾਅਦ ਲੰਮੇ ਹਵਾਈ ਸਫਰ ਦੀ ਵੀ ਸਲਾਹ ਨਹੀਂ ਦਿੱਤੀ ਜਾਂਦੀ ਅਤੇ ਇਸ ਨਾਲ ਹੋਰ ਗੁੰਝਲਾਂ ਪੈਦਾ ਹੋ ਸਕਦੀਆਂ ਹਨ।

ਟ੍ਰਾਂਸਪਲਾਂਟ ਟੂਰਿਜ਼ਮ ਵਿਚ ਸ਼ਾਮਲ ਹਸਪਤਾਲਾਂ ਜਾਂ ਡਾਕਟਰਾਂ ਵਲੋਂ ਦਿੱਤੇ ਜਾਂਦੇ ਮੈਡੀਕਲ ਰਿਕਾਰਡ ਵੀ ਤਕਰੀਬਨ ਸਦਾ ਹੀ ਅਧੂਰੇ ਹੁੰਦੇ ਹਨ। ਗੁਰਦਾ ਪ੍ਰਾਪਤ ਕਰਨ ਵਾਲੇ ਨੂੰ ਗੁਰਦੇ ਦੇ ਟ੍ਰਾਂਸਪਲਾਂਟ ਤੋਂ ਬਾਅਦ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਵੀ ਸ਼ਾਇਦ ਢੁਕਵੀਂ ਮਾਤਰਾ ਜਾਂ ਡੋਜ਼ਾਂ ਵਿਚ ਨਾ ਦਿੱਤੀਆਂ ਜਾਣ। ਇਸ ਨਾਲ ਗੁਰਦਾ ਪ੍ਰਾਪਤ ਕਰਨ ਵਾਲੇ ਦੀ ਘਰ ਵਾਪਸੀ ਵੇਲੇ ਸੰਭਾਲ ਕਰਨਾ ਬਹੁਤ ਜ਼ਿਆਦਾ ਔਖਾ ਹੋ ਜਾਂਦਾ ਹੈ ਅਤੇ ਇਸ ਨਾਲ ਸਿਹਤ ’ਤੇ ਗੰਭੀਰ ਅਸਰ ਪੈ ਸਕਦਾ ਹੈ।

ਅਖੀਰ ਵਿਚ, ਗੁਰਦੇ ਪ੍ਰਾਪਤ ਕਰਨ ਵਾਲੇ ਕੁਝ ਲੋਕਾਂ ਨੂੰ ਇਹ ਪੱਕਾ ਕਰਨ ਲਈ ਸ਼ਾਇਦ ਸਹੀ ਤਰ੍ਹਾਂ ਚੈੱਕ ਨਾ ਕੀਤਾ ਗਿਆ ਹੋ ਸਕਦਾ ਹੈ ਕੀ ਉਨ੍ਹਾਂ ਲਈ ਗੁਰਦਾ ਟ੍ਰਾਂਸਪਲਾਂਟ ਕਰਨਾ ਸੁਰੱਖਿਅਤ ਵੀ ਹੈ ਜਾਂ ਨਹੀਂ। ਬਹੁਤ ਗੰਭੀਰ ਬੀਮਾਰੀਆਂ (ਜਿਵੇਂ ਦਿਲ ਦੀ ਬੀਮਾਰੀ, ਪੁਰਾਣੀਆਂ ਇਨਫੈਕਸ਼ਨਾਂ, ਅਤੇ ਕੈਂਸਰ) ਨੂੰ ਅਣਡਿੱਠ ਕੀਤਾ ਗਿਆ ਹੋ ਸਕਦਾ ਹੈ; ਜਿਸ ਦੇ ਨਤੀਜੇ ਮਾਰੂ ਹੋ ਸਕਦੇ ਹਨ।

## ਗੁਰਦਾ ਵੇਚਣ ਵਾਲੇ ਨੂੰ ਕੀ ਖਤਰੇ ਹਨ? ਕੀ ਇਹ ਖਤਰੇ ਬਿਨਾਂ ਪੈਸੇ ਲਏ ਗੁਰਦਾ ਦਾਨ ਕਰਨ ਵਾਲੇ ਨਾਲੋਂ ਜ਼ਿਆਦਾ ਹਨ?

ਗੁਰਦਾ ਵੇਚਣ ਦੇ ਖਾਹਸ਼ਮੰਦ ਅਕਸਰ ਗਰੀਬ ਅਤੇ ਬਹੁਤ ਜ਼ਿਆਦਾ ਲੋੜਵੰਦ ਹੁੰਦੇ ਹਨ। ਉਹ ਅਕਸਰ ਆਪ ਵੀ ਸ਼ਿਕਾਰ ਹੁੰਦੇ ਹਨ। ਬਹੁਤ ਸਾਰੇ ਅਧਿਐਨਾਂ ਨੇ ਇਹ ਦਿਖਾਇਆ ਹੈ ਕਿ ਗੁਰਦੇ ਵੇਚਣ ਵਾਲੇ ਬਹੁਤੇ ਲੋਕ ਲਤਾੜੇ ਹੋਏ ਅਤੇ ਸਮਾਜ ਦੇ ਕਮਜ਼ੋਰ ਹਿੱਸਿਆਂ ਵਿੱਚੋਂ ਹੁੰਦੇ ਹਨ। ਉਹ ਅਕਸਰ ਘੱਟ ਵਿਕਸਤ ਦੇਸ਼ਾਂ ਦੇ ਵਸਨੀਕ ਹੁੰਦੇ ਹਨ ਜਿਹੜੇ ਅਮੀਰ ਲੋਕਾਂ ਨੂੰ ਜਾਂ ਵਿਕਸਤ ਦੇਸ਼ਾਂ ਦੇ ਮੁਕਾਬਲਤਨ ਅਮੀਰ ਲੋਕਾਂ ਨੂੰ ਗੁਰਦੇ ਦਿੰਦੇ ਹਨ। ਉਹ ਮਾਇਕ ਬੋਝ ਨੂੰ ਘੱਟ ਕਰਨ ਅਤੇ ਆਪਣੀ ਜ਼ਿੰਦਗੀ ਦੇ ਪੱਧਰ ਵਿਚ ਸੁਧਾਰ ਦੀ ਉਮੀਦ ਨਾਲ ਗੁਰਦੇ ਵੇਚਣਾ ਚਾਹੁੰਦੇ ਹਨ। ਪਰ, ਉਨ੍ਹਾਂ ਨੂੰ ਅਕਸਰ ਨਿਰਾਸ਼ ਹੋਣਾ ਪੈਂਦਾ ਹੈ।

ਗੁਰਦੇ ਵੇਚਣ ਵਾਲੇ ਅਕਸਰ ਨਾ ਸਿਰਫ ਗਰੀਬ ਹੁੰਦੇ ਹਨ ਸਗੋਂ ਦੱਬੇ ਕੁਚਲੇ ਵੀ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਅਪਰੇਸ਼ਨ ਬਾਰੇ ਸਮਝ ਨਹੀਂ ਹੁੰਦੀ ਜਾਂ ਸ਼ਾਮਲ ਖਤਰਿਆਂ ਦਾ ਪਤਾ ਨਹੀਂ ਹੁੰਦਾ। ਇਸੇ ਸਮੇਂ ਉਨ੍ਹਾਂ ’ਤੇ ਜ਼ੋਰਦਾਰ ਦਬਾ ਪਾਇਆ ਗਿਆ ਹੋ ਸਕਦਾ ਹੈ ਅਤੇ ਉਹ ਸਿਹਤ ਬਾਰੇ ਮਹੱਤਵਪੂਰਨ ਜਾਣਕਾਰੀ ਨੂੰ ਛੁਪਾ ਸਕਦੇ ਹਨ। ਉਨ੍ਹਾਂ ਦੀ ਆਪਣੀ ਸੁਰੱਖਿਆ ਮੁੱਖ ਤਰਜੀਹ ਨਹੀਂ ਹੋ ਸਕਦੀ ਅਤੇ ਉਨ੍ਹਾਂ ਨੇ ਦਾਨ ਦੇਣ ਦੀ ਚੋਣ ਉਦੋਂ ਕੀਤੀ ਹੋ ਸਕਦੀ ਹੈ ਜਦੋਂ ਉਨ੍ਹਾਂ ਲਈ ਅਜਿਹਾ ਕਰਨਾ ਅਕਲਮੰਦੀ ਵਾਲੀ ਗੱਲ ਨਾ ਹੋਵੇ। ਗੁਰਦਾ ਲੈਣ ਵਾਲੇ ਲਈ ਭੈੜੇ ਸਿੱਟੇ ਵੀ ਉਨ੍ਹਾਂ ਦਾ ਫਿਕਰ ਨਹੀਂ ਹੁੰਦੇ।

ਗੁਰਦੇ ਵੇਚਣ ਵਾਲਿਆਂ ਨੂੰ ਅੰਤ ਵਿਚ ਜਿਹੜੇ ਪੈਸੇ ਮਿਲਦੇ ਹਨ ਉਹ ਆਮ ਤੌਰ ’ਤੇ ਗੁਰਦਾ ਲੈਣ ਵਾਲੇ ਵਲੋਂ ਦਿੱਤੇ ਗਏ ਪੈਸਿਆਂ ਦੀ ਛੋਟੀ ਜਿਹੀ ਪ੍ਰਤੀਸ਼ਤ ਹੁੰਦੇ ਹਨ ਅਤੇ ਇਹ ਦਾਨੀ ਦੀਆਂ ਮਾਇਕ ਸਮੱਸਿਆਵਾਂ ਨੂੰ ਹੱਲ ਨਹੀਂ ਕਰਦੇ। ਗੁਰਦੇ ਲੈਣ ਵਾਲਿਆਂ ਵਲੋਂ ਦਿੱਤੇ ਗਏ ਪੈਸਿਆਂ ਦਾ ਬਹੁਤਾ ਹਿੱਸਾ ਹਸਪਤਾਲਾਂ, ਬਰੋਕਰਾਂ ਅਤੇ ਹੋਰ ਵਿਚੋਲਿਆਂ ਦੀਆਂ ਜੇਬਾਂ ਵਿਚ ਜਾਂਦਾ ਹੈ। ਗੁਰਦੇ ਵੇਚਣ ਵਾਲਿਆਂ ਦੀ ਆਮਦਨ ਸਗੋਂ ਹੋਰ ਥੱਲੇ ਜਾ ਸਕਦੀ ਹੈ ਕਿਉਂਕਿ ਉਹ ਪਹਿਲਾਂ ਵਾਂਗ ਸਖਤ ਕੰਮ ਕਰਨ ਦੇ ਯੋਗ ਨਹੀਂ ਰਹਿੰਦੇ। ਉਹ ਢਹਿੰਦੀ ਕਲਾ ਵਿਚ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਵਿਆਹੁਤਾ ਅਤੇ ਸਮਾਜਿਕ ਸਮੱਸਿਆਵਾਂ ਆ ਸਕਦੀਆਂ ਹਨ। ਉਨ੍ਹਾਂ ਕੋਲ ਚੰਗੇ ਇਲਾਜ ਤੱਕ ਪਹੁੰਚ ਨਹੀਂ ਹੋ ਸਕਦੀ ਹੈ। ਗੁਰਦੇ ਵੇਚਣ ਵਾਲੇ ਬਹੁਤੇ ਲੋਕ ਹੋਰਨਾਂ ਨੂੰ ਆਪਣੇ ਗੁਰਦੇ ਵੇਚਣ ਦੀ ਸਲਾਹ ਨਹੀਂ ਦੇਣਗੇ।

ਬਹੁਤ ਸਾਰੇ ਸਬੂਤਾਂ ਤੋਂ ਕਾਨੂੰਨੀ ਤੌਰ ’ਤੇ ਗੁਰਦੇ ਦਾਨ ਕਰਨ ਦੀ ਲੰਮੇ ਸਮੇਂ ਦੀ ਸੁਰੱਖਿਆ ਦਾ ਪਤਾ ਲੱਗਦਾ ਹੈ, ਪਰ ਆਪਣੇ ਗੁਰਦੇ ਵੇਚਣ ਵਾਲੇ ਲੋਕਾਂ ਦੀ ਲੰਮੇ ਸਮੇਂ ਦੌਰਾਨ ਸਿਹਤ ਬਾਰੇ ਬਿਲਕੁਲ ਕੋਈ ਤੱਥ ਮੌਜੂਦ ਨਹੀਂ ਹਨ। ਅਸੀਂ ਇਹ ਜਾਣਦੇ ਹਾਂ ਕਿ ਬਿਨਾਂ ਪੈਸਿਆਂ ਦੇ ਗੁਰਦੇ ਦਾਨ ਕਰਨ ਦੇ ਸਾਰੇ ਖਤਰੇ ਉਨ੍ਹਾਂ ਵਿਚ ਹੁੰਦੇ ਹਨ, ਅਤੇ ਇਸ ਦੇ ਨਾਲ ਨਾਲ ਉਨ੍ਹਾਂ ਨੂੰ ਗਰੀਬੀ ਅਤੇ ਕਮਜ਼ੋਰੀ ਤੋਂ ਪੈਦਾ ਹੋਣ ਵਾਲੇ ਹੋਰ ਖਤਰੇ ਵੀ ਝੱਲਣੇ ਪੈਂਦੇ ਹਨ।

## ਕੀ ਵਪਾਰਕ ਤੌਰ ’ਤੇ ਗੁਰਦਾ ਬਦਲਵਾਉਣਾ ਨੈਤਿਕ ਹੈ?

ਕੁਝ ਲੋਕ ਇਹ ਯਕੀਨ ਕਰਦੇ ਹਨ ਕਿ ਜੇ ਗੁਰਦੇ ਬਦਲਣ ਦੇ ਵਪਾਰਕ ਸਿਸਟਮ ਨੂੰ ਸਹੀ ਤਰੀਕੇ ਨਾਲ ਨਿਯਮਾਂ ਹੇਠ ਚਲਾਇਆ ਜਾਵੇ ਤਾਂ ਵੇਚਣ ਵਾਲਿਆਂ ਅਤੇ ਲੈਣ ਵਾਲਿਆਂ ਦੋਨਾਂ ਨੂੰ ਫਾਇਦਾ ਹੋ ਸਕਦਾ ਹੈ। ਅੱਜ ਤੱਕ ਦਾ ਤਜਰਬਾ ਇਹ ਦਿਖਾਉਂਦਾ ਹੈ ਕਿ ਕੇਸ ਇਸ ਤਰ੍ਹਾਂ ਨਹੀਂ ਹੈ। ਰੱਜੇ ਪੁੱਜੇ ਹਮੇਸ਼ਾ ਗਰੀਬਾਂ ਦਾ ਸ਼ੋਸ਼ਣ ਕਰਦੇ ਆਏ ਹਨ। ਜ਼ੋਰਾਵਰੀ, ਵਿਉਂਤਬੰਦ ਜੁਰਮ ਅਤੇ ਮਨੁੱਖੀ ਵਪਾਰ (ਅੰਤਰਰਾਸ਼ਟਰੀ ਕਨਵੈਨਸ਼ਨ ਵਲੋਂ ਮਨ੍ਹਾਂ) ਸਭ ਵਾਪਰੇ ਹਨ। ਗੁਰਦੇ ਵੇਚਣ ਦਾ ਵਪਾਰ ਦਾਨੀ ਅਤੇ ਲੈਣ ਵਾਲੇ ਦੋਨਾਂ ਦੀ ਸਿਹਤ ਨੂੰ ਖਤਰੇ ਵਿਚ ਪਾਉਂਦਾ ਹੈ ਅਤੇ ਇਸ ਨੂੰ ਡਾਕਟਰੀ ਜਾਂ ਨੈਤਿਕ ਤੌਰ ’ਤੇ ਠੀਕ ਨਹੀਂ ਸਿੱਧ ਕੀਤਾ ਜਾ ਸਕਦਾ। ਗਰੀਬ ਦੀ ਜ਼ਿੰਦਗੀ ਆਰਥਿਕ ਤੌਰ ’ਤੇ ਸਰੀਰ ਦੇ ਅੰਗ ਵੇਚਣ ’ਤੇ ਨਿਰਭਰ ਨਹੀਂ ਹੋਣੀ ਚਾਹੀਦੀ।

## ਗੁਰਦਿਆਂ ਦੇ ਵਪਾਰ ਨੂੰ ਰੋਕਣ ਲਈ ਕੀ ਕੀਤਾ ਜਾ ਰਿਹਾ ਹੈ?

ਮੋਹਰੀ ਮੈਡੀਕਲ ਸੰਸਥਾਵਾਂ ਅਤੇ ਹੈਲਥ ਕੇਅਰ ਮਾਹਰ, ਇਸ ਅਮਲ ਨੂੰ ਖਤਮ ਕਰਨ ਲਈ ਕਾਰਵਾਈ ਕਰਨ ਲਈ ਇਕੱਠੇ ਹੋਏ ਹਨ। ਸੰਸਾਰ ਸਿਹਤ ਸੰਸਥਾ (ਡਬਲਯੂ ਐੱਚ ਓ) ਗੁਰਦਿਆਂ ਦੇ ਵਪਾਰ ਦਾ ਪੂਰੀ ਤਰ੍ਹਾਂ ਵਿਰੋਧ ਕਰਦੀ ਹੈ।

ਕਈ ਦੇਸ਼ਾਂ ਨੇ, ਟ੍ਰਾਂਸਪਲਾਂਟ ਟੂਰਿਜ਼ਮ ਵਿਚ ਸ਼ਾਮਲ ਹਸਪਤਾਲਾਂ ਨੂੰ ਬੰਦ ਕਰਕੇ ਅਤੇ ਬਰੋਕਰਾਂ ਨੂੰ ਗ੍ਰਿਫਤਾਰ ਕਰਕੇ ਗੁਰਦਿਆਂ ਦੇ ਵਪਾਰ ਨੂੰ ਰੋਕਣ ਲਈ ਕਾਰਵਾਈ ਕੀਤੀ ਹੈ। ਇਸ ਤਰ੍ਹਾਂ ਦੇ ਕੇਸ ਵੀ ਹੋਏ ਹਨ ਜਿੱਥੇ ਅਪਰੇਸ਼ਨ ਤੋਂ ਬਾਅਦ ਗੁਰਦੇ ਵੇਚਣ ਵਾਲਿਆਂ ਅਤੇ ਇੱਥੋਂ ਤੱਕ ਕਿ ਗੁਰਦੇ ਲੈਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਇਹ ਪਤਾ ਕਰਨਾ ਚਾਹੀਦਾ ਹੈ ਕਿ ਗੁਰਦਿਆਂ ਦੀ ਗੰਭੀਰ ਬੀਮਾਰੀ ਵਾਲੇ ਮਰੀਜ਼ਾਂ ਦੀ ਮਦਦ ਲਈ ਤੁਹਾਡੇ ਦੇਸ਼ ਵਿਚ ਕਿਹੜੇ ਵਸੀਲੇ ਮੌਜੂਦ ਹਨ। ਤੁਹਾਨੂੰ ਇਹ ਪਤਾ ਲਾਉਣ ਲਈ ਆਪਣੀ ਬੀਮਾਰੀ ਬਾਰੇ ਗੁਰਦੇ ਬਦਲਣ ਵਾਲੇ ਮਾਹਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਤੁਸੀਂ ਗੁਰਦੇ ਦੀ ਬਦਲੀ ਲਈ ਲੋੜਵੰਦ ਹੋ ਅਤੇ ਤੁਹਾਡੇ ਦੇਸ਼ ਜਾਂ ਇਲਾਕੇ ਵਿਚ ਗੁਰਦੇ ਬਿਹਤਰ ਤਰੀਕੇ ਨਾਲ ਕਿਵੇਂ ਬਦਲਿਆ ਜਾ ਸਕਦਾ ਹੈ। ਤੁਹਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕਿਸੇ ਮ੍ਰਿਤਕ ਦਾਨੀ ਤੋਂ ਗੁਰਦਾ ਲੈਣ ਲਈ ਲਿਸਟ ਵਿਚ ਕਿਵੇਂ ਆਉਣਾ ਹੈ ਅਤੇ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਕੀ ਕੋਈ ਜੀਵਤ ਦਾਨੀ ਤੁਹਾਡੇ ਲਈ ਮੌਜੂਦ ਹੈ।

ਅੰਗਾਂ ਦੇ ਵਪਾਰ ਅਤੇ ਟਾਂਸਪਲਾਂਟ ਟੂਰਿਜ਼ਮ ਬਾਰੇ ਇਸਤੰਬੋਲ ਦੇ ਐਲਾਨਨਾਮੇ (ਡੈਕਲਾਰੇਸ਼ਨ ਆਫ ਇਸਤੰਬੋਲ) ਦੀ ਹਿਮਾਇਤ ਕਰਕੇ ਤੁਸੀਂ ਗੁਰਦੇ ਲੈਣ ਵਾਲਿਆਂ ਅਤੇ ਗੁਰਦੇ ਦਾਨ ਕਰਨ ਵਾਲਿਆਂ ਦੋਨਾਂ ਦੀ ਭਲਾਈ ਦੀ ਹਿਫਾਜ਼ਤ ਕਰਦੇ ਹੋਏ, ਦੁਨੀਆਂ ਭਰ ਵਿਚ ਲੋੜਵੰਦਾਂ ਦੇ ਫਾਇਦੇ ਲਈ ਸੁਰੱਖਿਅਤ ਅਤੇ ਅਸਰਦਾਰ ਅੰਗ ਬਦਲੀ ਨੂੰ ਉਤਸ਼ਾਹ ਦੇਣ ਵਿਚ ਮਦਦ ਕਰ ਸਕਦੇ ਹੋ।

BC Renal Agency
An agency of the Provincial Health Services Authority

BC TRANSPLANT
An agency of the Provincial Health Services Authority

Provincial Health Services Authority
Province-wide solutions.
Better health.

The DECLARATION of ISTANBUL on ORGAN TRAFFICKING and TRANSPLANT TOURISM

www.declarationofistanbul.org